Punjabi

# ਕ੍ਰਿਟੀਕਲ ਕੇਅਰ ਦਾ ਖੇਤਰ

## Scope of Critical Care

ਨਾਂ / Name: ________________________________

ਅਸੀਂ ਤੁਹਾਨੂੰ ਉਸ ਨਿੱਜੀ ਅਤੇ ਮੈਡੀਕਲ ਸੰਭਾਲ ਬਾਰੇ ਦੱਸਣਾ ਚਾਹੁੰਦੇ ਹਾਂ ਜਿਹੜੀ ਅਸੀਂ ਕ੍ਰਿਟੀਕਲ ਕੇਅਰ (ਨਾਜ਼ੁਕ ਸੰਭਾਲ) ਦੀ ਲੋੜ ਵਾਲੇ ਲੋਕਾਂ ਦੀ ਕਰਦੇ ਹਾਂ।

### ਨਿੱਜੀ ਸੰਭਾਲ

ਅਸੀਂ ਲੋੜ ਮੁਤਾਬਕ ਨਿੱਜੀ ਸੰਭਾਲ ਵਿਚ ਮਦਦ ਕਰਦੇ ਹਾਂ। ਇਸ ਵਿਚ ਪਾਸਾ ਲੈਣ, ਨਹਾਉਣ, ਸ਼ੇਵ ਕਰਨ, ਖੰਘਣ ਅਤੇ ਟੋਆਇਲਟ ਜਾਣ ਵਿਚ ਮਦਦ ਸ਼ਾਮਲ ਹੈ।

ਅਸੀਂ ਇਹ ਜਾਣਦੇ ਹਾਂ ਕਿ ਲੋਕਾਂ ਦੇ ਵੱਖ ਵੱਖ ਆਤਮਿਕ ਅਤੇ ਸਭਿਆਚਾਰਕ ਦਸਤੂਰ ਹਨ। ਜੇ ਤੁਹਾਡੇ ਪਰਿਵਾਰ ਦੇ ਮੈਂਬਰ ਦੀਆਂ ਨਿੱਜੀ ਸੰਭਾਲ ਨਾਲ ਸੰਬੰਧਿਤ ਖਾਸ ਲੋੜਾਂ ਜਾਂ ਇੱਛਾਵਾਂ ਹੋਣ ਤਾਂ ਸਾਨੂੰ ਦੱਸੋ। ਇਨ੍ਹਾਂ ਲੋੜਾਂ ਜਾਂ ਇੱਛਾਵਾਂ ਦਾ ਸਤਿਕਾਰ ਅਤੇ ਆਦਰ ਕਰਨ ਲਈ ਅਸੀਂ ਆਪਣੀ ਪੂਰੀ ਵਾਹ ਲਾਉਂਦੇ ਹਾਂ।

### ਮੈਡੀਕਲ ਇਲਾਜ

ਕ੍ਰਿਟੀਕਲ ਕੇਅਰ ਵਿਚ ਬਹੁਤ ਸਾਰੇ ਟੈੱਸਟ, ਟਿਊਬਾਂ, ਮਸ਼ੀਨਾਂ ਅਤੇ ਸਾਜ਼-ਸਾਮਾਨ ਸ਼ਾਮਲ ਹੁੰਦੇ ਹਨ। ਜੇ ਤੁਸੀਂ ਜਾਂ ਤੁਹਾਡੇ ਪਰਿਵਾਰ ਦੇ ਮੈਂਬਰ ਨੇ ਇਲਾਜ ਲਈ ਆਪਣੀਆਂ ਇੱਛਾਵਾਂ ਬਾਰੇ ਡਾਕਟਰ ਨਾਲ ਕੋਈ ਗੱਲ ਨਾ ਕੀਤੀ ਹੋਵੇ ਤਾਂ ਅਸੀਂ ਤੁਹਾਡੇ ਪਰਿਵਾਰ ਦੇ ਮੈਂਬਰ ਦੇ ਇਲਾਜ ਲਈ ਲੋੜੀਂਦੇ ਸਾਰੇ ਮੈਡੀਕਲ ਇਲਾਜ ਕਰਦੇ ਹਾਂ। ਕੁਝ ਟਿਊਬਾਂ ਅਤੇ ਇਲਾਜਾਂ ਦਾ ਵਰਣਨ ਇੱਥੇ ਕੀਤਾ ਗਿਆ ਹੈ।

**ਆਮ ਟਿਊਬਾਂ**

- **ਸਾਹ ਵਾਲੀ ਟਿਊਬ:** ਮੂੰਹ ਰਾਹੀਂ (ਕਦੇ ਕਦੇ ਨੱਕ ਰਾਹੀਂ), ਸਾਹ ਨਾਲੀ (ਟ੍ਰਿਕੀਆ) ਵਿਚ ਥੱਲੇ ਨੂੰ ਫੇਫੜਿਆਂ ਵਿਚ ਪਾਈ ਜਾਂਦੀ ਹੈ। ਇਹ ਟਿਊਬ ਹਵਾ ਦੇ ਆਉਣ ਜਾਣ ਵਾਲੇ ਰਾਹ ਨੂੰ ਖੁੱਲ੍ਹਾ ਰੱਖਦੀ ਹੈ। ਅਸੀਂ ਇਸ ਨੂੰ 'ਇਨਟੂਬੇਸ਼ਨ' ਕਹਿੰਦੇ ਹਾਂ।
- **ਸਾਹ ਲੈਣ ਲਈ ਮਸ਼ੀਨ:** ਵਿਅਕਤੀ ਦੀ ਸਾਹ ਲੈਣ ਵਿਚ ਮਦਦ ਕਰਦੀ ਹੈ ਜਾਂ ਵਿਅਕਤੀ ਲਈ ਸਾਹ ਲੈਂਦੀ ਹੈ। ਅਸੀਂ ਇਸ ਨੂੰ 'ਵੈਂਟੀਲੇਟਰ' ਕਹਿੰਦੇ ਹਾਂ। ਇਹ ਸਾਹ ਵਾਲੀ ਟਿਊਬ ਨਾਲ ਜੋੜੀ ਜਾਂਦੀ ਹੈ।
- **ਪਿਸ਼ਾਬ ਨਾਲੀ:** ਇਕ ਲਚਕਦਾਰ ਟਿਊਬ ਜਿਹੜੀ ਪਿਸ਼ਾਬ ਕੱਢਣ ਲਈ ਬਲੈਡਰ (ਮਸਾਨੇ) ਵਿਚ ਜਾਂਦੀ ਹੈ। ਇਹ ਟਿਊਬ ਪਿਸ਼ਾਬ ਇਕੱਠਾ ਕਰਨ ਵਾਲੇ ਇਕ ਬੈਗ ਨਾਲ ਲੱਗਦੀ ਹੈ ਜੋ ਕਿ ਬੈੱਡ ਨਾਲ ਕਲਿੱਪ ਕੀਤਾ ਹੁੰਦਾ ਹੈ।
- **ਅਰਟੀਰੀਅਲ ਲਾਈਨ:** ਇਕ ਛੋਟੀ ਲਚਕਦਾਰ ਟਿਊਬ ਇਕ ਨਾੜੀ ਵਿਚ ਲਗਾਈ ਜਾਂਦੀ ਹੈ (ਆਮ ਤੌਰ 'ਤੇ ਗੁੱਟ, ਚੱਡੇ, ਜਾਂ ਗਿੱਟੇ ਵਿਚ)। ਅਸੀਂ ਇਸ ਦੀ ਵਰਤੋਂ ਬਲੱਡ ਪਰੈਸ਼ਰ ਨੂੰ ਸਹੀ ਤਰ੍ਹਾਂ ਮਾਪਣ ਲਈ ਕਰਦੇ ਹਾਂ। ਅਸੀਂ ਇਸ ਦੀ ਵਰਤੋਂ ਖੂਨ ਦੇ ਨਮੂਨੇ ਲੈਣ ਲਈ ਵੀ ਕਰਦੇ ਹਾਂ ਤਾਂ ਜੋ ਵਿਅਕਤੀ ਦੇ ਹਰ ਵਾਰੀ ਸੂਈਆਂ ਨਾ ਚੋਭੀਆਂ ਜਾਣ।
- **ਪੇਟ ਵਿਚ ਜਾਂ ਫੀਡਿੰਗ ਟਿਊਬ:** ਮੂੰਹ ਰਾਹੀਂ (ਕਦੇ ਕਦੇ ਨੱਕ ਰਾਹੀਂ) ਪੇਟ ਵਿਚ ਲਗਾਈ ਜਾਂਦੀ ਹੈ। ਅਸੀਂ ਇਸ ਦੀ ਵਰਤੋਂ ਪੇਟ ਨੂੰ ਖਾਲੀ ਰੱਖਣ ਅਤੇ ਵਿਅਕਤੀ ਦੀ ਉਲਟੀ ਤੋਂ ਰੋਕਥਾਮ ਕਰਨ ਲਈ ਵੀ ਕਰ ਸਕਦੇ ਹਾਂ। ਅਸੀਂ ਇਸ ਟਿਊਬ ਦੀ ਵਰਤੋਂ ਵਿਅਕਤੀ ਨੂੰ ਖਾਣਾ ਜਾਂ ਦਵਾਈਆਂ ਦੇਣ ਲਈ ਵੀ ਕਰ ਸਕਦੇ ਹਾਂ।
- **ਛਾਤੀ 'ਤੇ ਟਿਊਬਾਂ:** ਛਾਤੀ ਵਿਚ ਪਸਲੀਆਂ ਦੇ ਵਿਚਕਾਰ ਫੇਫੜਿਆਂ ਦੇ ਬਾਹਰ ਲਗਾਈਆਂ ਜਾਂਦੀਆਂ ਹਨ। ਇਹ ਤਰਲ ਕੱਢਣ ਜਾਂ ਕਮਜ਼ੋਰ ਹੋ ਗਏ ਫੇਫੜੇ ਨੂੰ ਦੁਬਾਰਾ ਫੈਲਾਉਣ ਵਿਚ ਮਦਦ ਲਈ ਕੀਤਾ ਜਾ ਸਕਦਾ ਹੈ।
- **ਇੰਟਰਾਵੀਨਸ ਲਾਈਨਾਂ** (ਜਾਂ ਛੋਟੇ ਸ਼ਬਦਾਂ ਵਿਚ ਆਈ ਵੀ): ਛੋਟੀਆਂ ਲਚਕਦਾਰ ਟਿਊਬਾਂ ਚਮੜੀ ਰਾਹੀਂ ਨਾੜੀਆਂ ਵਿਚ ਪਾਈਆਂ ਜਾਂਦੀਆਂ ਹਨ। ਅਸੀਂ ਵੱਡੀਆਂ ਨਾੜੀਆਂ (ਆਮ ਤੌਰ 'ਤੇ ਧੌਣ, ਛਾਤੀ, ਚੱਡਿਆਂ, ਜਾਂ ਬਾਂਹ ਵਿਚ) ਦੀ ਵਰਤੋਂ ਕਰਦੇ ਹਾਂ ਅਤੇ ਇਨ੍ਹਾਂ ਨੂੰ 'ਸੈਂਟਰਲ ਲਾਈਨਜ਼' ਕਹਿੰਦੇ ਹਾਂ ਜਾਂ 'ਪ੍ਰੀਫਿਰਲੀ ਇਨਸਰਟਡ ਸੈਂਟਰਲ ਕੈਥੀਟਰ (ਪੀ ਆਈ ਸੀ ਸੀ)' ਕਹਿੰਦੇ ਹਾਂ। ਅਸੀਂ ਇਨ੍ਹਾਂ ਲਾਈਨਾਂ ਦੀ ਵਰਤੋਂ ਤਰਲ, ਦਵਾਈਆਂ, ਅਤੇ ਖੂਨ ਦੇਣ ਲਈ ਕਰ ਸਕਦੇ ਹਾਂ।

**ਨੋਟ:** ਸਾਨੂੰ ਕਦੇ ਕਦੇ ਕਿਸੇ ਵਿਅਕਤੀ ਦੀਆਂ ਬਾਹਾਂ ਨੂੰ ਹਲਕਾ ਜਿਹਾ ਕਾਬੂ ਵਿਚ ਕਰਨਾ ਪੈਂਦਾ ਹੈ ਤਾਂ ਜੋ ਉਹ ਅਚਾਨਕ ਇਨ੍ਹਾਂ ਟਿਊਬ ਨੂੰ ਧੂਹ ਨਾ ਦੇਵੇ।

## ਆਮ ਇਲਾਜ ਅਤੇ ਟੈੱਸਟ

- **ਬਲੱਡ ਕਲੌਟਸ ਬਣਨ ਤੋਂ ਰੋਕਥਾਮ ਕਰਨਾ:** ਬੈੱਡ ਤੱਕ ਸੀਮਤ ਹੋਣ ਨਾਲ, ਬਲੱਡ ਕਲੌਟ ਹੋਣ (ਖ਼ੂਨ ਦੇ ਗਤਲੇ ਬਣਨ) ਦਾ ਜ਼ਿਆਦਾ ਖਤਰਾ ਹੈ (ਅਸੀਂ ਇਸ ਨੂੰ ਵੀਨਸ ਥਰੱਮਬੋ-ਇਮਬੋਲਿਜ਼ਮ ਕਹਿੰਦੇ ਹਾਂ)। ਕਲੌਟਸ ਬਣਨ ਤੋਂ ਰੋਕਥਾਮ ਕਰਨ ਵਿਚ ਮਦਦ ਲਈ ਅਸੀਂ ਅਕਸਰ ਦਵਾਈਆਂ ਜਾਂ ਮੈਡੀਕਲ ਸਾਜ਼-ਸਾਮਾਨ ਦੀ ਵਰਤੋਂ ਕਰਦੇ ਹਾਂ। ਅਸੀਂ ਖ਼ੂਨ ਪਤਲਾ ਕਰਨ ਵਾਲੀ ਦਵਾਈ (ਐਂਟੀਕੋਐਗੂਲੈਂਟ) ਦੇ ਸਕਦੇ ਹਾਂ, ਜਿਵੇਂ ਕਿ ਹੈਪਾਰਿਨ, ਜਾਂ ਪਿੰਨੀਆਂ ਨੂੰ ਦਬਾਉਣ ਲਈ ਹਵਾ ਭਰਨ ਵਾਲੀਆਂ ਚਿੱਟੀਆਂ ਸਲੀਵਜ਼ ਵੀ ਵਰਤ ਸਕਦੇ ਹਾਂ ਜਿਹੜੀਆਂ ਲੱਤਾਂ ਦੇ ਹੇਠਲੇ ਹਿੱਸੇ ਦੀ ਮਾਲਸ਼ ਕਰਦੀਆਂ ਹਨ।
- **ਚਮੜੀ ਦੇ ਨੁਕਸਾਨ ਤੋਂ ਰੋਕਥਾਮ ਕਰਨਾ:** ਬੈੱਡ ਵਿਚ ਬਹੁਤ ਜ਼ਿਆਦਾ ਸਮਾਂ ਬਿਤਾਉਣ ਨਾਲ ਵਿਅਕਤੀ ਦੀ ਚਮੜੀ ਦਾ ਨੁਕਸਾਨ ਹੋਣ ਦੇ ਮੌਕੇ ਵਧ ਜਾਂਦੇ ਹਨ (ਜਿਸ ਨੂੰ ਪਰੈਸ਼ਰ ਇੰਜਰੀ, ਪੈਰਸ਼ਰ ਸੋਰਜ਼, ਪਰੈਸ਼ਰ ਅਲਸਰ, ਜਾਂ ਬੈੱਡ ਸੋਰਜ਼ ਆਖਿਆ ਜਾਂਦਾ ਹੈ)। ਜ਼ਖ਼ਮਾਂ ਤੋਂ ਰੋਕਥਾਮ ਕਰਨ ਲਈ, ਅਸੀਂ ਅਕਸਰ ਵਿਅਕਤੀ ਦੀ ਪਾਸਾ ਲੈਣ ਵਿਚ ਮਦਦ ਕਰਦੇ ਹਾਂ। ਅਸੀਂ ਖਾਸ ਕਿਸਮ ਦੀਆਂ ਪੱਟੀਆਂ ਜਾਂ ਗੱਦਿਆਂ ਦੀ ਵਰਤੋਂ ਵੀ ਕਰ ਸਕਦੇ ਹਾਂ। ਅਸੀਂ ਲੋਕਾਂ ਨੂੰ ਬੈੱਡ ਤੋਂ ਬਾਹਰ ਕੱਢਣ ਅਤੇ ਜਿੰਨਾ ਵੀ ਛੇਤੀ ਹੋ ਸਕੇ ਤੋਰਨ ਫੇਰਨ ਦੀ ਵੀ ਕੋਸ਼ਿਸ਼ ਕਰਦੇ ਹਾਂ।
- **ਐਕਸਰੇ ਅਤੇ ਸਕੈਨਜ਼:** ਅਸੀਂ ਇਹ ਦੇਖਣ ਵਿਚ ਮਦਦ ਲਈ ਐਕਸਰੇ ਲੈਂਦੇ ਹਾਂ ਜਾਂ ਸਕੈਨਜ਼ ਕਰਦੇ ਹਾਂ ਕਿ ਸਰੀਰ ਵਿਚ ਕੀ ਹੋ ਰਿਹਾ ਹੋ ਸਕਦਾ ਹੈ। ਸਕੈਨਜ਼ ਉਹ ਹਾਲਤਾਂ ਦਿਖਾ ਸਕਦੇ ਹਨ ਜਿਹੜੀਆਂ ਆਮ ਐਕਸਰੇ ਉੱਪਰ ਸੌਖ ਨਾਲ ਨਹੀਂ ਦੇਖੀਆਂ ਜਾਂਦੀਆਂ। ਕਦੇ ਕਦੇ ਅਸੀਂ ਐਕਸਰੇ ਡਾਈ ਦੀ ਵਰਤੋਂ ਕਰਦੇ ਹਾਂ ਤਾਂ ਜੋ ਉਸ ਥਾਂ ਨੂੰ ਜ਼ਿਆਦਾ ਵੇਰਵੇ ਨਾਲ ਦੇਖਿਆ ਜਾ ਸਕੇ।
- **ਬਰੌਨਕੋਸਕੋਪੀ:** ਇਕ ਟੈੱਸਟ ਹੈ ਜਿਹੜਾ ਡਾਕਟਰ ਨੂੰ ਹਵਾ ਦੇ ਲਾਂਘਿਆਂ ਅਤੇ ਫੇਫੜਿਆਂ ਨੂੰ ਦੇਖਣ ਦਿੰਦਾ ਹੈ। ਇਕ ਪਤਲੀ ਲਚਕਦਾਰ ਸਕੋਪ ਨੱਕ ਜਾਂ ਮੂੰਹ ਰਾਹੀਂ ਪਾਈ ਜਾਂਦੀ ਹੈ। ਸਕੋਪ ਦੇ ਸਿਰੇ ’ਤੇ ਇਕ ਬਹੁਤ ਨਿੱਕਾ ਕੈਮਰਾ ਲੈਨਜ਼ ਅਤੇ ਲਾਈਟ ਲੱਗੇ ਹੁੰਦੇ ਹਨ। ਸਕੋਪ ਦੀ ਵਰਤੋਂ ਨਾਲ ਡਾਕਟਰ ਨਮੂਨੇ (ਸੈਂਪਲ) ਵੀ ਲੈ ਸਕਦਾ ਹੈ।
- **ਡਾਇਆਲੇਸਿਸ:** ਇਕ ਮਸ਼ੀਨ ਜੋ ਖ਼ੂਨ ਛਾਣਨ ਜਾਂ ਸਾਫ ਕਰਨ ਲਈ ਸੈਂਟਰਲ ਲਾਈਨ ਨਾਲ ਜੋੜੀ ਜਾਂਦੀ ਹੈ ਜਦੋਂ ਕਿਸੇ ਵਿਅਕਤੀ ਦੇ ਗੁਰਦੇ ਚੰਗੀ ਤਰ੍ਹਾਂ ਕੰਮ ਨਹੀਂ ਕਰਦੇ ਹੁੰਦੇ ਹਨ।
- **ਕਾਰਡੀਓ-ਪੂਲਮੋਨੇਰੀ ਰੀਸੱਸੀਟੇਸ਼ਨ (ਸੀ ਪੀ ਆਰ):** ਉਦੋਂ ਕੀਤੀ ਜਾਂਦੀ ਹੈ ਜਦੋਂ ਕਿਸੇ ਵਿਅਕਤੀ ਦਾ ਦਿਲ ਰੁਕ ਜਾਂਦਾ ਹੈ। ਅਸੀਂ ਖ਼ੂਨ ਪੰਪ ਕਰਨ ਲਈ ਛਾਤੀ ਨੂੰ ਦਬਾ ਕੇ, ਦਵਾਈਆਂ ਦੇ ਕੇ, ਅਤੇ ਬਿਜਲੀ ਦਾ ਝਟਕਾ ਵਰਤ ਕੇ ਦਿਲ ਨੂੰ ਦੁਬਾਰਾ ਚਲਾਉਣ ਦੀ ਕੋਸ਼ਿਸ਼ ਕਰਦੇ ਹਾਂ।

### ਤਬਦੀਲੀਆਂ

ਸਾਨੂੰ ਕਦੇ ਕਦੇ ਲੋਕਾਂ ਨੂੰ ਇਕ ਕ੍ਰਿਟੀਕਲ ਯੂਨਿਟ ਤੋਂ ਕਿਸੇ ਹੋਰ ਹਸਪਤਾਲ ਵਿਚ ਲਿਜਾਣ ਦੀ ਲੋੜ ਪੈਂਦੀ ਹੈ। ਅਸੀਂ ਤੁਹਾਡੇ ਪਰਿਵਾਰ ਦੇ ਮੈਂਬਰ ਨੂੰ ਮੂਵ ਕਰ ਸਕਦੇ ਹਾਂ ਜੇ ਉਸ ਨੂੰ ਕਿਸੇ ਅਜਿਹੇ ਖਾਸ ਇਲਾਜ ਜਾਂ ਪ੍ਰੋਸੀਜ਼ਰ ਦੀ ਲੋੜ ਹੋਵੇ ਜਿਹੜਾ ਸਿਰਫ ਕਿਸੇ ਹੋਰ ਹਸਪਤਾਲ ਵਿਚ ਹੀ ਉਪਲਬਧ ਹੈ। ਅਸੀਂ ਸਦਾ ਇਹ ਪੱਕਾ ਕਰਦੇ ਹਾਂ ਕਿ ਹਰ ਵਿਅਕਤੀ ਦਾ ਇਲਾਜ ਸਭ ਤੋਂ ਢੁਕਵੀਂ ਥਾਂ ਵਿਚ ਇਲਾਜ ਦੇ ਸਭ ਤੋਂ ਢੁਕਵੇਂ ਪੱਧਰ ’ਤੇ ਹੋ ਰਿਹਾ ਹੈ।

## ਤੁਹਾਡੀ ਆਵਾਜ਼

ਆਪਣੇ ਪਰਿਵਾਰ ਦੇ ਮੈਂਬਰ ਦੇ ਇਲਾਜ ਬਾਰੇ ਫੈਸਲੇ ਕਰਨ ਵਿਚ ਮਦਦ ਕਰੋ। ਬਹੁਤ ਸਾਰੇ ਲੋਕ ਜਦੋਂ ਬਹੁਤ ਜ਼ਿਆਦਾ ਬੀਮਾਰ ਹੋ ਜਾਂਦੇ ਹਨ ਤਾਂ ਆਪਣੇ ਇਲਾਜ ਬਾਰੇ ਫੈਸਲੇ ਕਰਨ ਦੀ ਸਮਰੱਥਾ ਗੁਆ ਬੈਠਦੇ ਹਨ। ਜਦੋਂ ਇਹ ਹੁੰਦਾ ਹੈ ਤਾਂ ਡਾਕਟਰ ਤੁਹਾਡੇ ਨਾਲ ਇਸ ਚੀਜ਼ ਬਾਰੇ ਗੱਲ ਕਰੇਗਾ ਕਿ ਤੁਹਾਡੇ ਪਰਿਵਾਰ ਦਾ ਮੈਂਬਰ ਕਿਸ ਤਰ੍ਹਾਂ ਦਾ ਇਲਾਜ ਚਾਹੁੰਦਾ ਹੋਵੇਗਾ।

ਫੈਸਲੇ ਹੋ ਜਾਣ ਤੋਂ ਬਾਅਦ, ਡਾਕਟਰ ਇਨ੍ਹਾਂ ਨੂੰ ਮੈਡੀਕਲ ਆਰਡਰ ਫਾਰ ਸਕੋਪ ਔਫ ਟ੍ਰੀਟਮੈਂਟ (ਇਲਾਜ ਦੀ ਹੱਦ ਲਈ ਮੈਡੀਕਲ ਆਰਡਰ) ਉੱਪਰ ਲਿਖਦਾ ਹੈ। ਹੱਦ ਦੀ ਇਕ ਉਦਾਹਰਣ ਉਦੋਂ ਸੀ ਪੀ ਆਰ ਨਾ ਕਰਨਾ ਹੋ ਸਕਦਾ ਹੈ ਜਦੋਂ ਵਿਅਕਤੀ ਦਾ ਦਿਲ ਧੜਕਣਾ ਬੰਦ ਕਰ ਦੇਵੇ। ਭਾਵੇਂ ਫੈਸਲਾ ਇਹ ਹੀ ਹੋਵੇ, ਅਸੀਂ ਵਿਅਕਤੀ ਦੀ ਸੰਭਾਲ ਕਰਨਾ ਜਾਰੀ ਰੱਖਾਂਗੇ।

ਇਲਾਜ ਦੇ ਇਨਚਾਰਜ ਡਾਕਟਰ ਨਾਲ ਕਿਸੇ ਵੀ ਸਮੇਂ ਗੱਲ ਕਰਨ ਲਈ ਕਹੋ:

- ਜੇ ਤੁਹਾਡੇ ਮਨ ਵਿਚ ਮੈਡੀਕਲ ਸੰਭਾਲ, ਇਲਾਜਾਂ, ਜਾਂ ਟੈੱਸਟਾਂ ਬਾਰੇ ਸਵਾਲ ਹੋਣ।
- ਜੇ ਤੁਸੀਂ ਕਿਸੇ ਵੀ ਮੈਡੀਕਲ ਸੰਭਾਲ, ਇਲਾਜ, ਜਾਂ ਟੈੱਸਟ ਦੇ ਖਤਰਿਆਂ ਅਤੇ ਫਾਇਦਿਆਂ ਬਾਰੇ ਜਾਣਕਾਰੀ ਲੈਣਾ ਚਾਹੁੰਦੇ ਹੋਵੋ।
- ਜੇ ਤੁਸੀਂ ਸੰਭਾਲ, ਇਲਾਜਾਂ, ਜਾਂ ਟੈੱਸਟਾਂ ਬਾਰੇ ਗੱਲ ਕਰਨੀ ਚਾਹੁੰਦੀ ਹੋਵੋ ਜਿਹੜੇ ਤੁਹਾਡੇ ਪਰਿਵਾਰ ਦਾ ਮੈਂਬਰ ਕਰਵਾਉਣਾ ਚਾਹੁੰਦਾ ਹੋਵੇਗਾ ਜਾਂ ਨਹੀਂ ਚਾਹੁੰਦਾ ਹੋਵੇਗਾ।

ਸੀ ਪੀ ਆਰ ਅਤੇ ਅਤੇ ਮੈਡੀਕਲ ਆਰਡਰ ਫਾਰ ਸਕੋਪ ਔਫ ਟ੍ਰੀਟਮੈਂਟ ਬਾਰੇ ਜ਼ਿਆਦਾ ਜਾਣਨ ਲਈ, ਅੰਗਰੇਜ਼ੀ ਵਿਚ ਇਹ ਦੋ ਪੈਂਫਲਿਟ ਮੰਗੋ:

- *ਮੈਡੀਕਲ ਆਰਡਰ ਫਾਰ ਸਕੋਪ ਔਫ ਟ੍ਰੀਟਮੈਂਟ ਜਾਂ ‘ਮੋਸਟ’*
- *ਮੇਕਿੰਗ ਇਨਫੌਰਮਡ ਡਿਸੀਜ਼ਨਜ਼ ਅਬਾਊਟ ਕਾਰਡੀਓ-ਪੂਲਮੋਨੇਰੀ ਰੀਸੱਸੀਟੇਸ਼ਨ*

**ਅਸੀਂ ਸੰਭਵ ਸਭ ਤੋਂ ਬਿਹਤਰ ਇਲਾਜ ਲਈ ਵਚਨਬੱਧ ਹਾਂ**

ਕ੍ਰਿਟੀਕਲ ਕੇਅਰ ਯੂਨਿਟ ਸਿੱਖਣ ਦੀਆਂ ਥਾਂਵਾਂ ਹਨ। ਵੱਖ ਵੱਖ ਬੀਮਾਰੀਆਂ ਅਤੇ ਇਲਾਜਾਂ ਬਾਰੇ ਜ਼ਿਆਦਾ ਜਾਣਨ ਲਈ, ਅਤੇ ਸੰਭਾਲ ਕਰਨ ਦੇ ਨਵੇਂ ਅਤੇ ਬਿਹਤਰ ਤਰੀਕੇ ਲੱਭਣ ਲਈ ਅਸੀਂ ਖੋਜ ਸਟੱਡੀਜ਼ ਕਰਦੇ ਹਾਂ। ਸਾਡਾ ਰੀਸਰਚ ਕੋਆਰਡੀਨੇਟਰ ਤੁਹਾਡੇ ਪਰਿਵਾਰ ਦੇ ਮੈਂਬਰ ਨੂੰ (ਜਾਂ ਉਸ ਦੀ ਤਰਫੋਂ ਤੁਹਾਨੂੰ) ਕਿਸੇ ਖੋਜ ਸਟੱਡੀ ਵਿਚ ਹਿੱਸਾ ਲੈਣ ਦਾ ਸੱਦਾ ਦੇ ਸਕਦਾ ਹੈ। ਜੇ ਤੁਸੀਂ ਅਜਿਹਾ ਕਰਦੇ ਹੋ ਤਾਂ ਉੱਤਮ ਇਲਾਜ ਪ੍ਰਦਾਨ ਕਰਨਾ ਜਾਰੀ ਰੱਖਣ ਵਿਚ ਸਾਡੀ ਮਦਦ ਕਰਨ ਲਈ ਤੁਹਾਡਾ ਬਹੁਤ ਬਹੁਤ ਧੰਨਵਾਦ।